ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
ਸਮੱਗਰ ਸਿੱਖਿਆ ਅਭਿਆਨ (ਪੰਜਾਬ)
ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062
ਵੈਬਸਾਈਟ www.ssapunjab.org, ਈ-ਮੇਲ: iedpunjab@punjabeducation.gov.in ਫੋਨ ਨੰ: 01762-5212313, 5212324

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ.)
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/218220/2022/2162-63 ਮਿਤੀ:16-08-2022

ਵਿਸ਼ਾ:- **EDUSAT Network ਉੱਤੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰੀਖਿਆਵਾਂ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ/ਛੋਟਾਂ ਸਬੰਧੀ ਮਿਤੀ 17.08.2022 ਨੂੰ ਟ੍ਰੇਨਿੰਗ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 17.08.2022 ਨੂੰ ਦੁਪਿਹਰ 1:20 ਤੋਂ 2:00 ਵਜੇ ਤੱਕ ਐਜੂਸੈਟ ਨੈਟਵਰਕ ਰਾਹੀਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰੀਖਿਆਵਾਂ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ/ਛੋਟਾਂ ਸਬੰਧੀ ਐਜੂਸੈਟ ਮਾਧਿਅਮ ਰਾਹੀਂ 40 ਮਿੰਟ ਦੀ ਟ੍ਰੇਨਿੰਗ ਦਿੱਤੀ ਜਾਵੇਗੀ।

3. <u>ਟ੍ਰੇਨਿੰਗ ਦਾ ਅਜੰਡਾ</u>:- ਇਸ ਟ੍ਰੇਨਿੰਗ ਵਿੱਚ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਬੱਚਿਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਲਾਨਾ ਪ੍ਰੀਖਿਆਵਾਂ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ/ਛੋਟਾਂ ਤੋਂ ਜਾਣੂ ਕਰਵਾਉਣ ਸਬੰਧੀ ਟ੍ਰੇਨਿੰਗ ਡਾ. ਸੁਨਿਲ ਬਹਿਲ ਵੱਲੋਂ ਦਿੱਤੀ ਜਾਵੇਗੀ।

4. ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਪ੍ਰਿੰਸੀਪਲ, CHT, HT (ਪ੍ਰਾਇਮਰੀ) ਨੂੰ ਹਦਾਇਤ ਕੀਤੀ ਜਾਵੇ ਕਿ ਉਕਤ ਟ੍ਰੇਨਿੰਗ ਵਿੱਚ ਸਕੂਲ ਦੇ ਐਜੂਸੈਟ ਜਾਂ ਨੇੜੇ ਦੇ ਸਕੂਲ ਦੇ ਐਜੂਸੈਟ ਰਾਹੀਂ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

5. ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਆਰ.ਓ.ਟੀ. ਚਾਲੂ ਹਾਲਤ ਵਿੱਚ ਰੱਖੀਆਂ ਜਾਣ, ਜੇਕਰ ਕਿਸੇ ਕਾਰਨ ਕਰਕੇ ਸਕੂਲ ਦੀ ਆਰ.ਓ.ਟੀ. ਚਾਲੂ ਹਾਲਤ ਵਿੱਚ ਨਹੀਂ ਹੈ ਤਾਂ ਅਜਿਹੇ ਸਕੂਲਾਂ ਦੇ ਪ੍ਰਿੰਸੀਪਲ, CHT, HT (ਪ੍ਰਾਇਮਰੀ) ਆਪਣੇ ਨੇੜਲੇ ਸਕੂਲ ਦੇ ਐਜੂਸੈਟ ਰਾਂਹੀ ਇਹ ਟ੍ਰੇਨਿੰਗ ਅਟੈਂਡ ਕਰਨਗੇ।

6. ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਪ੍ਰਿੰਸੀਪਲ, CHT, HT (ਪ੍ਰਾਇਮਰੀ) ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਅਤੇ (ਸੈ.ਸਿੱ.) ਪੂਰਣ ਆਪਸੀ ਤਾਲ-ਮੇਲ ਅਤੇ ਸਹਿਯੋਗ ਨਾਲ ਕੰਮ ਕਰਨਗੇ।

7. ਟ੍ਰੇਨਿੰਗ ਤੋਂ ਬਾਅਦ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਇਹ ਸੂਚਨਾ ਭੇਜਣਾ ਯਕੀਨੀ ਬਣਾਉਣਗੇ ਕਿ ਕਿੰਨੇ ਸਕੂਲਾਂ ਦੇ ਕਿੰਨੇ ਪ੍ਰਿੰਸੀਪਲ, CHT, HT (ਪ੍ਰਾਇਮਰੀ) ਨੇ ਇਹ ਟ੍ਰੇਨਿੰਗ ਅਟੈਂਡ ਕੀਤੀ।

16/8

ਸਹਾਇਕ ਡਾਇਰੈਕਟਰ
(ਅਸ਼ਟੇਟ ਤੇ ਇਨਫਰਾ)

ਉਪਰੋਕਤ ਦਾ ਉਤਾਰਾ ਮੁੱਖ ਗਰੁੱਪ ਵਿੱਚ ਜਿਲ੍ਹੇ ਦੇ ਸਮੂਹ BPEO's / School Heads ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਫ਼ਤਰਾਂ ਵਿਚ ਸੂਚਨਾ ਬਣਾਇਆ ਜਾਵੇ ਕਿ ਕਿਹੜੇ ਸਕੂਲਾਂ ਦੇ ਕਿਹੜੇ ਜਿਲ੍ਹਾ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਕਿ ਕਿਹੜੇ ਸਕੂਲਾਂ ਦੇ ਕਿਹੜੇ ਪ੍ਰਿੰਸੀਪਲ, CHT, HT (ਪ੍ਰਾਇਮਰੀ) ਨੇ ਇਹ ਟ੍ਰੇਨਿੰਗ ਅਟੈਂਡ ਕੀਤੀ ਹੈ।

ਜ਼ਿ.ਸਿ.ਅ. (ਸੈ.ਸਿ.)
ਬਠਿੰਡਾ।

ਉ.ਜ਼ਿ.ਸਿ.ਅ. (ਸੈਂ.ਸਿ.),
ਬਠਿੰਡਾ

ਉ.ਜ਼ਿ.ਸਿ.ਅ. (ਐ.ਸਿ.)
ਬਠਿੰਡਾ।

OSET
16/8/2022